ਰੇਵਤੀ

----- ਫਕੀਰ ਮੋਹਨ ਸੇਨਾਪਤੀ
(ਸੇਨਾਪਤੀ ਜੀ ਦੀ ਪਹਿਲੀ ਉੜੀਆ ਕਹਾਣੀ)

"ਨੀ ਰੇਵਤੀ! ਕਾਲੇ ਮੂੰਹ ਆਲੀਏ! ਭਰਾਵਾਂ ਖਾਣੀਏ!"

ਕਟਕ ਜ਼ਿਲ੍ਹੇ ਦੇ ਹਰੀਹਰਪੁਰ ਪਰਗਣੇ ਵਿੱਚ ਇੱਕ ਛੋਟਾ ਜਿਹਾ ਕਸਬਾ ਸੀ, ਜਿਸਦਾ ਨਾਮ ਪਾਟਪੁਰ ਸੀ। ਪਿੰਡ ਦੇ ਸਿਰੇ 'ਤੇ ਘਰ ਸੀ। ਘਰ ਵਿੱਚ ਚਾਰ ਕਮਰੇ ਸਨ, ਅੱਗੇ ਅਤੇ ਪਿੱਛੇ। ਵਿਹੜੇ ਦੀ ਕੰਧ ਦੇ ਨਾਲ ਇੱਕ ਢੇਨਕੀਸਾਲ (ਝੋਨਾ ਕੁੱਟਣ ਲਈ ਉੱਖਲ ਵਰਗੀ) ਸੀ, ਵਿਚਕਾਰ ਇੱਕ ਖੂਹ ਸੀ। ਇੱਕ ਮੁੱਖ ਦਰਵਾਜ਼ਾ ਜੋ ਸਾਹਮਣੇ ਵੱਲ ਖੁੱਲ੍ਹਦਾ ਸੀ। ਪਿਛਲੇ ਪਾਸੇ ਬਾਗ਼ ਵਿੱਚ ਇੱਕ ਦਰਵਾਜ਼ਾ ਖੁੱਲ੍ਹਦਾ ਸੀ। ਬਾਹਰੋਂ ਲੋਕ ਆ ਕੇ ਬਰਾਂਡੇ ਵਿੱਚ ਬੈਠਦੇ ਸਨ। ਲੋਕ ਇੱਥੇ ਆਉਂਦੇ ਸਨ ਅਤੇ ਟੈਕਸ ਭਰਨ ਦੀ ਉਡੀਕ ਕਰਦੇ ਸਨ। ਸ਼ਿਆਮਬੰਧੂ ਮੋਹੰਤੀ, ਜਮੀਂਦਾਰ ਤਰਫ਼ੋਂ ਪਿੰਡ ਦੇ ਲੇਖਾਕਾਰ ਹੋਣ ਦੇ ਨਾਤੇ, ਦੋ ਰੁਪਏ ਪ੍ਰਤੀ ਮਹੀਨਾ ਤਨਖਾਹ ਲੈਂਦਾ ਸੀ ਅਤੇ ਇਸ ਤੋਂ ਇਲਾਵਾ, ਉਹ ਰਸੀਦਾਂ ਲਿਖਣ ਲਈ ਦੋ ਪੈਸੇ ਵਾਧੂ ਲੈਂਦਾ ਸੀ। ਕੁੱਲ ਮਿਲਾ ਕੇ, ਉਸਨੂੰ ਇੱਕ ਮਹੀਨੇ ਵਿੱਚ ਚਾਰ ਰੁਪਏ ਤੋਂ ਘੱਟ ਨਹੀਂ ਮਿਲਦੇ ਸੀ । ਪਰਿਵਾਰ ਕਿਸੇ ਤਰ੍ਹਾਂ ਗੁਜਾਰਾ ਕਰ ਰਿਹਾ ਸੀ। ਕਿਸੇ ਵੀ ਤਰ੍ਹਾਂ ਕਿਉਂ? ਚੰਗੀ ਤਰ੍ਹਾਂ ਹੀ ਕਰ ਰਿਹਾ ਸੀ । ਘਰ ਵਿੱਚ ਸਭ ਕੁੱਝ ਸੀ । ਸਬਜ਼ੀਆਂ ਤੋਂ ਇਲਾਵਾ, ਬਾਗ਼ ਵਿੱਚ ਦੋ ਸੁਆਂਜਣੇ ਦੇ ਦਰੱਖਤ ਸਨ। ਘਰ ਵਿੱਚ ਦੋ ਗਾਵਾਂ ਸਨ ਜੋ ਸਾਰਾ ਸਾਲ ਦੁੱਧ ਦਿੰਦੀਆਂ ਸਨ। ਜਦੋਂ ਵੀ ਤੁਸੀਂ ਭਾਲ ਕਰਦੇ, ਤੁਹਾਨੂੰ ਹਮੇਸ਼ਾ ਕੁਝ ਦੁੱਧ, ਕੁਝ ਲੱਸੀ ਭਾਂਡੇ ਵਿੱਚ ਮਿਲ ਜਾਂਦੀ। ਇੱਕ ਬੁੱਢੀ ਮਾਂ ਗੋਹੇ ਦੀਆਂ ਛੋਟੀਆਂ ਛੋਟੀਆਂ ਪਾਥੀਆਂ ਬਣਾਉਂਦੀ । ਬਾਲਣ ਲਈ ਕਦੇ ਵੀ ਲੱਕੜ ਖਰੀਦਣ ਦੀ ਲੋੜ ਨਹੀਂ ਪਈ। ਜ਼ਿਮੀਂਦਾਰ ਵੱਲੋਂ ਦਿੱਤੀ ਗਈ ਸਾਢੇ ਤਿੰਨ ਵਿੱਘੇ ਜ਼ਮੀਨ ਵੀ ਖੇਤੀ ਲਈ ਸੀ। ਝੋਨਾ ਚੰਗੀ ਮਾਤਰਾ ਵਿੱਚ ਉਪਲਬਧ ਸੀ।

ਸ਼ਿਆਮਬੰਧੂ ਇੱਕ ਸਧਾਰਨ ਆਦਮੀ ਸੀ। ਲੋਕ ਉਸਦਾ ਸਤਿਕਾਰ ਕਰਦੇ ਸਨ। ਲੋਕ ਉਸਨੂੰ ਪੂਰੇ ਦਿਲ ਨਾਲ ਪਿਆਰ ਕਰਦੇ ਸਨ। ਉਹ ਘਰ-ਘਰ ਜਾ ਕੇ ਲੋਕਾਂ ਨੂੰ ਭਰਮਾ ਕੇ ਉਨ੍ਹਾਂ ਤੋਂ ਮਾਲੀਆ ਇਕੱਠਾ ਕਰਦਾ ਸੀ। ਉਹ ਚਾਰ ਉਂਗਲਾਂ ਚੌੜੀਆਂ ਤਾਲ ਪੱਤੀਆਂ 'ਤੇ ਰਸੀਦ ਲਿਖ ਕੇ ਛੱਤ 'ਤੇ ਲਟਕਾ ਕੇ ਚਲਾ ਜਾਂਦਾ ਸੀ। ਜਮੀਂਦਾਰ ਦੇ ਨੌਕਰ ਆ ਕੇ ਕਿਰਾਇਆ ਨਾ ਦੇਣ ਵਾਲਿਆਂ ਨੂੰ ਕੁੱਟਦੇ ਸਨ। ਸ਼ਿਆਮਬੰਧੂ ਉਨ੍ਹਾਂ ਨੂੰ ਹੁੱਕੇ-ਪਾਣੀ ਦੇ ਪੈਸੇ ਦੇ ਕੇ ਵਾਪਸ ਕਰ ਦਿੰਦਾ ਸੀ।

ਉਸਦੇ ਪਰਿਵਾਰ ਵਿੱਚ ਚਾਰ ਜੀਅ ਸਨ। ਪਤੀ-ਪਤਨੀ, ਬੁੱਢੀ ਮਾਂ ਅਤੇ ਦਸ ਸਾਲ ਦੀ ਛੋਟੀ ਧੀ - ਰੇਵਤੀ। ਸ਼ਿਆਮਬੰਧੂ ਬਰਾਂਡੇ ਵਿੱਚ ਬੈਠ ਕੇ ਕ੍ਰਿਪਾਸਿੰਧੂ 'ਬੰਦਨ' ਭਜਨ ਗਾਉਂਦਾ ਹੁੰਦਾ ਸੀ। ਕਈ ਵਾਰ ਉਹ ਦੀਪਦਾਨੀ 'ਤੇ ਦੀਵੇ ਜਗਾ ਕੇ ਭਾਗਵਤ ਦਾ ਪਾਠ ਕਰਦੇ ਸਨ। ਰੇਵਤੀ ਕੋਲ ਬੈਠ ਕੇ ਸੁਣਦੀ ਹੁੰਦੀ

ਸੀ। ਇਹ ਸੁਣ ਕੇ ਉਸਨੇ ਬਹੁਤ ਸਾਰੇ ਭਜਨ ਵੀ ਸਿੱਖੇ। ਕੁੜੀ ਦੀ ਆਵਾਜ਼ ਵਿੱਚ ਭਜਨ ਸੁਰੀਲੇ ਲੱਗਦੇ ਸਨ। ਸ਼ਾਮ ਨੂੰ, ਕੁਝ ਲੋਕ ਆ ਕੇ ਪਿਓ-ਧੀ ਦੇ ਭਜਨ ਸੁਣਨ ਲਈ ਬੈਠ ਜਾਂਦੇ ਸਨ। ਰੇਵਤੀ ਆਪਣੇ ਪਿਤਾ ਜੀ ਤੋਂ ਭਜਨ ਸੁਣਿਆ ਕਰਦੀ ਸੀ। ਸ਼ਿਆਮਬੰਧੂ ਇਹਨਾਂ ਗੀਤਾਂ ਨੂੰ ਸੁਣ ਕੇ ਬਹੁਤ ਖੁਸ਼ ਹੁੰਦਾ ਅਤੇ ਉਸਨੂੰ ਹਰ ਰੋਜ਼ ਉਹ ਭਜਨ ਗਾਉਣ ਲਈ ਕਹਿੰਦਾ ਅਤੇ ਰੇਵਤੀ ਗਾਉਂਦੀ,

"ਮੈਂ ਕਿਸ ਨੂੰ ਅਪੀਲ ਕਰਾਂ,
ਤੁਹਾਡੇ ਬਿਨਾਂ ਇਹ ਗਰੀਬ ਅਨਾਥ
ਕਰੋ ਜਾਂ ਨਾ ਕਰੋ, ਮੇਰਾ ਬਚਾਓ।
ਤੇਰੇ ਚਰਨਾਂ ਵਿੱਚ ਅਰਪਣ ਕਰਦਾ ਮੈਂ ਆਪਣੀ ਜਾਨ ।
ਤੇਰਾ ਨਾਮ ਮੇਰੇ ਦਿਲ ਵਿੱਚ ਹੈ,
ਇਹ ਦੁਨੀਆਂ ਤੇਰੇ ਬਿਨਾਂ ਵੀਰਾਨ ਹੈ, ਹੇ ਰੱਬਾ!
ਮੇਰੀ ਜ਼ਿੰਦਗੀ ਚ ਠੰਡ ਵਰਤਾਓ
ਆਪਣੇ ਪਿਆਰ-ਅੰਮ੍ਰਿਤ ਕਰੋ ਦਾਨ ।

ਦੋ ਸਾਲ ਪਹਿਲਾਂ ਸਕੂਲ ਡਿਪਟੀ ਇੰਸਪੈਕਟਰ ਆਪਣੀ ਸ਼ਹਿਰ ਦੀ ਫੇਰੀ ਦੌਰਾਨ ਉੱਥੇ ਇੱਕ ਰਾਤ ਰੁਕੇ ਸਨ। ਜਦੋਂ ਚਾਰ-ਪੰਜ ਪਿੰਡਾਂ ਦੇ ਮੁਖੀਆਂ ਨੇ ਉਨ੍ਹਾਂ ਨੂੰ ਸਕੂਲ ਖੋਲ੍ਹਣ ਦੀ ਬੇਨਤੀ ਕੀਤੀ, ਤਾਂ ਇੰਸਪੈਕਟਰ ਸਾਹਿਬ ਨੇ ਆਪਣੇ ਉੱਚ ਅਧਿਕਾਰੀਆਂ ਨੂੰ ਸਕੂਲ ਖੋਲ੍ਹਣ ਲਈ ਕਿਹਾ। ਸਰਕਾਰ ਮਾਸਟਰ ਜੀ ਨੂੰ ਚਾਰ ਰੁਪਏ ਮਹੀਨਾ ਤਨਖਾਹ ਦਿੰਦੀ ਸੀ ਅਤੇ ਮਾਸਟਰ ਜੀ ਹਰੇਕ ਬੱਚੇ ਤੋਂ ਇੱਕ ਆਨਾ ਲੈਂਦੇ ਸਨ। ਮਾਸਟਰ ਜੀ ਨੇ ਕਟਕ ਨਾਰਮਲ ਸਕੂਲ ਦੇ ਸਿਖਲਾਈ ਵਿਭਾਗ ਤੋਂ ਸਿਖਲਾਈ ਯੋਗਤਾ ਪ੍ਰਾਪਤ ਕੀਤੀ ਸੀ।

ਮਾਸਟਰ ਜੀ ਦਾ ਨਾਮ ਵਾਸੂਦੇਵ ਸੀ। ਜਿਵੇਂ ਦਾ ਨਾਮ ਹੈ, ਓਵੇਂ ਹੀ ਆਦਮੀ ਹੈ। ਨੌਜਵਾਨ ਦਾ ਬਾਹਰੀ ਰੂਪ ਉਸਦੇ ਅੰਦਰੂਨੀ ਰੂਪ ਵਰਗਾ ਹੈ। ਪਿੰਡ ਵਿੱਚੋਂ ਲੰਘਦੇ ਸਮੇਂ ਉਹ ਕਦੇ ਵੀ ਕਿਸੇ ਵੱਲ ਦੇਖਣ ਲਈ ਆਪਣਾ ਸਿਰ ਨਹੀਂ ਚੁੱਕਦਾ ਸੀ। ਉਮਰ ਵੀਹ ਸਾਲ ਦੇ ਆਸ-ਪਾਸ। ਰੰਗ ਬਹੁਤ ਸੋਹਣਾ ਸੀ। ਪਰ ਉਸ ਨੂੰ ਇੱਕ ਵਾਰ ਬਚਪਨ ਵਿੱਚ ਪੀਲੀਆ ਹੋ ਗਿਆ ਸੀ। ਮਾਂ ਨੇ ਬੋਤਲ ਗਰਮ ਕਰਕੇ ਉਸਦੇ ਸਿਰ 'ਤੇ ਟਿਕਾ ਦਿੱਤੀ ਸੀ। ਦਾਗ਼ ਅਜੇ ਵੀ ਉੱਥੇ ਹੀ ਸੀ। ਪਰ ਉਹ ਦਾਗ਼ ਉਸਦੇ ਚਿਹਰੇ 'ਤੇ ਚੰਗਾ ਲੱਗ ਰਿਹਾ ਸੀ। ਵਾਸੂਦੇਵ ਬਚਪਨ ਤੋਂ ਹੀ ਅਨਾਥ ਸੀ, ਆਪਣੇ ਮਾਮੇ ਦੇ ਘਰ ਵੱਡਾ ਹੋਇਆ, ਉਹ ਜਾਤ ਤੋਂ ਕਾਇਸਥ ਸੀ। ਸ਼ਿਆਮਬੰਧੂ ਵੀ ਜਾਤੀ ਪੱਖੋਂ ਕਾਇਸਥ ਸੀ।

ਕਈ ਵਾਰ, ਜਦੋਂ ਕਿਸੇ ਤਿਓਹਾਰ ਦੌਰਾਨ ਘਰ ਵਿੱਚ ਪੀਠਾ ਮਿੱਠਾ (ਇੱਕ ਤਰ੍ਹਾਂ ਦੀ ਮਿਠਾਈ) ਬਣਾਇਆ ਜਾਂਦਾ ਸੀ, ਤਾਂ ਸ਼ਿਆਮਬੰਧੂ ਸਕੂਲ ਜਾਂਦਾ ਸੀ ਅਤੇ ਵਾਸੂਦੇਵ ਨੂੰ ਘਰ ਆਉਣ ਲਈ ਕਹਿੰਦਾ ਸੀ ਕਿ ਮਾਸੀ ਨੇ ਤੁਹਾਨੂੰ ਸ਼ਾਮ ਨੂੰ ਪੀਠਾ ਖਾਣ ਲਈ ਬੁਲਾਇਆ ਹੈ। ਇਸ ਤਰ੍ਹਾਂ, ਇੱਕ ਦੂਜੇ ਦੇ ਘਰ ਜਾਣ ਨਾਲ ਉਨ੍ਹਾਂ ਦੀ ਨੇੜਤਾ ਵਧਦੀ ਗਈ। ਰੇਵਤੀ ਦੀ ਮਾਂ ਵਾਸੂਦੇਵ ਨੂੰ ਦੇਖ ਕੇ ਕਹਿੰਦੀ ਹੁੰਦੀ ਸੀ, "ਆਹ! ਉਹ ਤਾਂ ਮਾਂ ਤੋਂ ਬਿਨਾਂ ਬੱਚਾ ਹੈ। ਉਹ ਕੀ ਖਾਂਦਾ ਹੈ, ਕੀ ਪੀਂਦਾ ਹੈ? ਉਸ ਕੋਲ ਰਹਿਣ ਲਈ ਕੋਈ ਜਗ੍ਹਾ ਹੈ ਜਾਂ ਨਹੀਂ । ਉਸਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਹੈ।" ਵਾਸੂਦੇਵ ਨੂੰ ਆਉਂਦਾ ਦੇਖ ਕੇ, ਰੇਵਤੀ ਦੌੜਦੀ ਹੋਈ ਅੰਦਰ ਆਉਂਦੀ ਅਤੇ ਪਿਤਾ ਜੀ ਨੂੰ ਕਹਿੰਦੀ, "ਬਾਬਾ, ਦੇਖੋ, ਵਾਸੂਭਾਈ ਆ ਗਿਆ ਹੈ।

ਰੇਵਤੀ ਸ਼ਾਮ ਨੂੰ ਆਪਣੇ ਪਿਤਾ ਦੇ ਕੋਲ ਬੈਠਦੀ ਸੀ ਅਤੇ ਵਾਸੂਦੇਵ ਨੂੰ ਪੁਰਾਣੇ ਭਜਨ ਸੁਣਾਉਂਦੀ ਸੀ। ਵਾਰ-ਵਾਰ ਸੁਣਿਆ ਜਾਣ ਵਾਲਾ ਭਜਨ ਵੀ ਵਾਸੂਦੇਵ ਨੂੰ ਨਵਾਂ ਲੱਗਦਾ ਸੀ।

ਇੱਕ ਦਿਨ, ਗੱਲਬਾਤ ਦੌਰਾਨ, ਸ਼ਿਆਮਬੰਧੂ ਨੇ ਸੁਣਿਆ ਕਿ ਕਟਕ ਵਿੱਚ ਇੱਕ ਕੁੜੀਆਂ ਦਾ ਸਕੂਲ ਹੈ, ਜਿੱਥੇ ਸਿਰਫ਼ ਕੁੜੀਆਂ ਹੀ ਪੜ੍ਹਦੀਆਂ ਅਤੇ ਸਿਲਾਈ -ਬੁਣਾਈ ਸਿੱਖਦੀਆਂ ਸਨ। ਉਸ ਦਿਨ ਤੋਂ ਸ਼ਿਆਮਬੰਧੂ ਨੇ ਰੇਵਤੀ ਨੂੰ ਪੜ੍ਹਾਉਣ ਦਾ ਮਨ ਬਣਾ ਲਿਆ ਅਤੇ ਵਾਸੂਦੇਵ ਨੂੰ ਆਪਣੇ ਵਿਚਾਰ ਦੱਸੇ। ਵਾਸੂਦੇਵ ਸ਼ਿਆਮਬੰਧੂ ਨੂੰ ਆਪਣਾ ਪਿਤਾ ਮੰਨਦੇ ਸਨ। ਉਸਨੇ ਕਿਹਾ, "ਸਰ, ਮੈਂ ਤੁਹਾਨੂੰ ਵੀ ਸਕੂਲ ਵਾਰੇ ਇਹੀ ਗੱਲ ਦੱਸਣ ਜਾ ਰਿਹਾ ਸੀ।"

ਦੋਵਾਂ ਦੇ ਸਲਾਹ-ਮਸ਼ਵਰਾ ਕਰਨ ਤੋਂ ਬਾਅਦ, ਇਹ ਫੈਸਲਾ ਹੋਇਆ ਕਿ ਰੇਵਤੀ ਪੜ੍ਹਾਈ ਕਰੇਗੀ। ਰੇਵਤੀ ਕੋਲ ਬੈਠੀ ਸੁਣ ਰਹੀ ਸੀ ਅਤੇ ਦੋ ਛਾਲ ਮਾਰ ਕੇ ਘਰ ਦੇ ਅੰਦਰ ਗਈ ਅਤੇ ਮਾਂ ਅਤੇ ਦਾਦੀ ਨੂੰ ਖ਼ਬਰ ਦਿੱਤੀ "ਮੈਂ ਪੜ੍ਹਾਂਗੀ, ਮੈਂ ਪੜ੍ਹਾਂਗੀ"। ਮਾਂ ਨੇ ਕਿਹਾ, "ਠੀਕ ਹੈ ਧੀਏ , ਤੂੰ ਪੜ੍ਹਾਈ ਕਰੇਗੀ।" ਪਰ ਦਾਦੀ ਜੀ ਨੇ ਕਿਹਾ, "ਤੂੰ ਕੀ ਪੜ੍ਹੇਂਗੀ? ਔਰਤਾਂ ਦਾ ਪੜ੍ਹਾਈ ਨਾਲ ਕੀ ਲੈਣਾ ਦੇਣਾ? ਖਾਣਾ ਬਣਾਉਣਾ ਸਿੱਖ, ਰੰਗੋਲੀ ਬਣਾਉਣਾ ਸਿੱਖ, ਪੀਠਾ ਬਣਾਉਣਾ ਸਿੱਖ, ਦਹੀਂ ਰਿੜਕਣਾ ਸਿੱਖ। ਪੜ੍ਹੇ-ਲਿਖੇ ਹੋਣ ਤੋਂ ਬਾਅਦ ਤੂੰ ਕੀ ਕਰੇਂਗੀ?"

ਰਾਤ ਨੂੰ, ਸ਼ਿਆਮਬੰਧੂ ਵਰਾਂਡੇ ਵਿੱਚ ਬੈਠਾ ਰੋਟੀ ਖਾ ਰਿਹਾ ਸੀ ਅਤੇ ਰੇਵਤੀ ਵੀ ਉਸਦੇ ਨਾਲ ਖਾ ਰਹੀ ਸੀ। ਸਾਹਮਣੇ ਬੈਠੀ ਉਸਦੀ ਬੁੱਢੀ ਮਾਂ ਆਪਣੀ ਨੂੰਹ ਨੂੰ ਹੁਕਮ ਦੇ ਰਹੀ ਸੀ, "ਕੁਝ ਹੋਰ ਖਾਣਾ ਲਿਆਓ, ਲੂਣ ਠੀਕ ਹੈ ਜਾਂ ਨਹੀਂ?" ਗੱਲਾਂ ਕਰਦੇ ਹੋਏ, ਬੁੱਢੀ ਮਾਂ ਨੇ ਕਿਹਾ, "ਸ਼ਿਆਮ, ਕੀ ਰੇਵਤੀ ਪੜ੍ਹੇਗੀ? ਔਰਤਾਂ ਦਾ ਸਿੱਖਿਆ ਨਾਲ ਕੀ ਲੈਣਾ ਦੇਣਾ ਹੈ?"

ਸ਼ਿਆਮਬੰਧੂ ਨੇ ਕਿਹਾ, "ਜੇ ਉਹ ਪੜ੍ਹਨਾ ਚਾਹੁੰਦੀ ਹੈ, ਤਾਂ ਉਸਨੂੰ ਪੜ੍ਹਨ ਦਿਓ। ਕੀ ਤੁਸੀਂ ਸ਼ੰਕਰ ਪਟਨਾਇਕ ਦੀ ਲੜਕੀਆਂ ਨਹੀਂ ਦੇਖ ਰਹੇ?"ਉਹ ਭਾਗਵਤ ਕਿਵੇਂ ਸੁਣਾਉਂਦੀ ਹੈ? ਵੈਦੇਹੀ ਵਿਲਾਸ ਦੇ ਛੰਦ ਗਾਉਂਦੀ ਹੈ।" ਰੇਵਤੀ ਗੁੱਸੇ ਨਾਲ ਆਪਣੀ ਦਾਦੀ ਨੂੰ ਗਾਲ੍ਹਾਂ ਕੱਢਣ ਲੱਗ ਪਈ, "ਤੂੰ ਬੁੱਢੀ ਔਰਤ, ਦਾਦੀ ਬੁੱਢੀ ਹੋ ਗਈ ਹੈ। ਮੈਂ ਤਾਂ ਪੜ੍ਹਨ ਜਾਵਾਂਗੀ ।"

ਸ਼ਿਆਮਬੰਧੂ ਨੇ ਕਿਹਾ, "ਹਾਂ, ਹਾਂ ਤੁਸੀਂ ਜਾਓਗੇ।"

ਉਸ ਦਿਨ ਗੱਲਬਾਤ ਓਥੇ ਖਤਮ ਹੋ ਗਈ ।

ਅਗਲੇ ਦਿਨ, ਦੁਪਹਿਰ ਤੋਂ ਬਾਅਦ, ਵਾਸੂਦੇਵ ਰੇਵਤੀ ਲਈ 'ਸੀਤਾਨਾਥ ਬਾਬੂ ਦੇ ਪਹਿਲੇ ਪਾਠ' ਨਾਮਕ ਇੱਕ ਕਿਤਾਬ ਲੈ ਕੇ ਆਇਆ ਅਤੇ ਰੇਵਤੀ ਖੁਸ਼ੀ ਨਾਲ ਆਪਣੇ ਪਿਤਾ ਦੇ ਕੋਲ ਬੈਠ ਗਈ ਅਤੇ ਕਿਤਾਬ ਦੇ ਪੰਨਿਆਂ ਨੂੰ ਸ਼ੁਰੂ ਤੋਂ ਅੰਤ ਤੱਕ ਪਲਟਣ ਲੱਗੀ। ਹਰ ਪੰਨੇ 'ਤੇ ਹਾਥੀ, ਘੋੜਾ, ਗਾਂ ਆਦਿ ਦੀਆਂ ਤਸਵੀਰਾਂ ਦੇਖ ਕੇ ਉਹ ਬਹੁਤ ਖੁਸ਼ ਹੋ ਗਈ। ਰਾਜੇ ਅਤੇ ਮਹਾਰਾਜੇ ਹਾਥੀ ਅਤੇ ਘੋੜੇ ਰੱਖ ਕੇ ਖੁਸ਼ ਹੁੰਦੇ ਹਨ, ਕੁਝ ਹਾਥੀਆਂ ਅਤੇ ਘੋੜਿਆਂ 'ਤੇ ਸਵਾਰ ਹੋ ਕੇ ਖੁਸ਼ ਹੁੰਦੇ ਹਨ ਪਰ ਸਾਡੀ ਰੇਵਤੀ ਸਿਰਫ਼ ਹਾਥੀਆਂ ਅਤੇ ਘੋੜਿਆਂ ਦੀਆਂ ਤਸਵੀਰਾਂ ਦੇਖ ਕੇ ਹੀ ਖੁਸ਼ ਹੁੰਦੀ ਹੈ। ਉਹ ਕਿਤਾਬ ਲੈ ਕੇ ਘਰ ਦੇ ਅੰਦਰ ਭੱਜ ਗਈ ਅਤੇ ਆਪਣੀ ਮਾਂ ਨੂੰ ਤਸਵੀਰ ਦਿਖਾਉਣ ਲੱਗੀ। ਇਸ ਤੋਂ ਬਾਅਦ, ਜਦੋਂ ਉਹ ਆਪਣੀ ਦਾਦੀ ਨੂੰ ਇਹ ਦਿਖਾਉਣ ਗਈ, ਤਾਂ ਉਹ ਖਿਝ ਗਈ ਅਤੇ ਕਿਹਾ, " ਪਰੇ ਹੋ , ਚਲੀ ਜਾ।"

ਰੇਵਤੀ ਆਪਣੀ ਦਾਦੀ ਨੂੰ ਛੇੜਨ ਲੱਗੀ ਅਤੇ ਕਹਿਣ ਲੱਗੀ, "ਤੂੰ ਚਿੜਚਿੜੀ ਬੁੱਢੀ ਦਾਦੀ।"

ਅੱਜ ਦਾ ਦਿਨ ਚੰਗਾ ਹੈ, ਬਸੰਤ ਪੰਚਮੀ। ਰੇਵਤੀ ਸਵੇਰੇ ਤਲਾਅ ਵਿੱਚ ਨਹਾਉਣ ਅਤੇ ਨਵੇਂ ਕੱਪੜੇ ਪਾਉਣ ਤੋਂ ਬਾਅਦ ਤਿਆਰ ਹੋ ਗਈ ਅਤੇ ਸੋਚਣ ਲੱਗੀ ਕਿ ਅੱਜ ਵਾਸੂ ਭਾਈ ਆ ਕੇ ਉਸਨੂੰ ਕਿਤਾਬ ਸਿਖਾਉਣਗੇ। ਆਪਣੀ ਬੁੱਢੀ ਦਾਦੀ ਦੇ ਡਰ ਕਾਰਨ, ਸ਼ਿਆਮਬੰਧੂ ਨੇ ਉਸਦੀ ਪੜ੍ਹਾਈ ਸ਼ੁਰੂ ਕਰਨ ਦਾ ਕੋਈ ਪ੍ਰਬੰਧ ਨਹੀਂ ਕੀਤਾ। ਛੇ ਵਜੇ ਦੇ ਕਰੀਬ ਵਾਸੂਦੇਵ ਆਏ ਅਤੇ ਰੇਵਤੀ ਨੂੰ ਸਿਖਾਉਣਾ ਸ਼ੁਰੂ ਕਰ ਦਿੱਤਾ, " ਅ, ਆ, ਇ, ਈ, ਉ, ਓ", ਇਸ ਤਰ੍ਹਾਂ ਪੜ੍ਹਾਉਣ ਦਾ ਕੰਮ ਸ਼ੁਰੂ ਹੋ ਗਿਆ।

ਹਰ ਸ਼ਾਮ ਵਾਸੂਦੇਵ ਆ ਕੇ ਪੜ੍ਹਾਉਂਦੇ ਸਨ। ਦੋ ਸਾਲਾਂ ਵਿੱਚ, ਰੇਵਤੀ ਨੇ ਬਹੁਤ ਕੁਝ ਪੜ੍ਹਨਾ ਅਤੇ ਲਿਖਣਾ ਸਿੱਖ ਲਿਆ। ਮਧੁਰਾਓ ਦੇ ਪਦਿਆਂ ਦੇ ਪਾਠ ਦੇ ਪ੍ਰਵਾਹ ਵਿੱਚ ਕੋਈ ਰੁਕਾਵਟ ਨਹੀਂ ਆਈ। ਇੱਕ ਦਿਨ ਰਾਤ ਨੂੰ, ਸ਼ਿਆਮਬੰਧੂ ਬੈਠਾ ਰੋਟੀ ਖਾ ਰਿਹਾ ਸੀ। ਮਾਂ ਅਤੇ ਪੁੱਤਰ ਵਿਚਕਾਰ ਕੁਝ ਘੁਸਰ-ਮੁਸਰ ਹੋਈ। ਹੋ ਸਕਦਾ ਹੈ ਕਿ ਕੁਝ ਪਹਿਲਾਂ ਹੋਈ ਹੋਵੇ। ਅੱਜ ਉਸ ਮਾਮਲੇ ਦਾ ਸਿੱਟਾ ਸੀ।

ਸ਼ਿਆਮਬੰਧੂ - "ਮਾਂ, ਕੀ ਇਹ ਚੰਗਾ ਨਹੀਂ ਹੋਵੇਗਾ?"

ਬੁੱਢੀ ਔਰਤ: "ਇਹ ਤਾਂ ਚੰਗਾ ਹੋਵੇਗਾ, ਪਰ ਕੀ ਤੁਸੀਂ ਉਸਦੀ ਜਾਤ ਬਾਰੇ ਪੁੱਛਿਆ?"

ਸ਼ਿਆਮਬੰਧੂ - "ਅਤੇ ਮੈਂ ਹੁਣ ਤੱਕ ਕੀ ਕਰ ਰਿਹਾ ਸੀ? ਉਹ ਇੱਕ ਕਾਇਸਥ ਹਾਂ। ਗਰੀਬ ਹੈ ਪਰ ਇੱਕ ਚੰਗੀ ਜਾਤੀ ਨਾਲ ਸਬੰਧਤ ਹੈ ।"

ਬੁੱਢੀ ਔਰਤ - "ਗਰੀਬ ਹੋਵੇ, ਸਾਨੂੰ ਦੌਲਤ ਨਾਲ ਕੀ ਲੈਣਾ ? ਪਹਿਲਾਂ ਆਪਣੀ ਜਾਤ ਬਾਰੇ ਸੋਚੋ। ਕੀ ਉਹ ਘਰ ਰਹੇਗਾ?"

ਸ਼ਿਆਮਬੰਧੂ - "ਅਤੇ ਉਸਦਾ ਹੈ ਹੀ ਕੌਣ ? ਕੀ ਉਹ ਆਪਣੇ ਮਾਮੇ ਜਾਂ ਮਾਸੀ ਕੋਲ ਜਾਵੇਗਾ?"

ਰੇਵਤੀ ਨੇੜੇ ਹੀ ਬੈਠੀ ਖਾਣਾ ਖਾ ਰਹੀ ਸੀ। ਨਹੀਂ ਪਤਾ ਕਿ ਇਸ ਗੱਲਬਾਤ ਤੋਂ ਉਸ ਨੂੰ ਕੀ ਸਮਝ ਆਇਆ। ਪਰ ਉਸ ਦਿਨ ਤੋਂ ਬਾਅਦ ਉਸਦਾ ਵਿਵਹਾਰ ਬਦਲ ਗਿਆ ਸੀ। ਜੇ ਵਾਸੁਦੇਵ ਆਪਣੇ ਪਿਤਾ ਦੇ ਸਾਹਮਣੇ ਪੜ੍ਹਾਉਣ ਬੈਠ ਜਾਂਦਾ, ਤਾਂ ਉਸਨੂੰ ਸ਼ਰਮਿੰਦਗੀ ਮਹਿਸੂਸ ਹੁੰਦੀ। ਉਹ ਆਪਣਾ ਹਾਸਾ ਸਿਰ ਝੁਕਾ ਕੇ ਅਤੇ ਆਪਣੇ ਬੁੱਲ੍ਹ ਦਬਾ ਕੇ ਛੁਪਾਉਂਦੀ ਸੀ। ਅੱਜਕੱਲ੍ਹ, ਜਦੋਂ ਵਾਸੂ ਭਾਈ ਪੜ੍ਹਾਉਂਦੇ ਹਨ, ਤਾਂ ਉਹ ਸਿਰਫ਼ 'ਹਮ ਹਾਂ' ਕਹਿੰਦੀ ਹੈ। ਉਹ ਹੌਲੀ-ਹੌਲੀ ਪੜ੍ਹਦੀ ਸੀ ਅਤੇ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ, ਮੁਸਕਰਾਉਂਦੀ ਹੋਈ ਘਰ ਦੇ ਅੰਦਰ ਚਲੀ ਜਾਂਦੀ ਸੀ। ਹਰ ਸ਼ਾਮ ਉਹ ਦਰਵਾਜ਼ਾ ਫੜ ਕੇ ਕਿਸੇ ਦੀ ਉਡੀਕ ਕਰਦੀ ਸੀ। ਅਤੇ ਵਾਸੁਦੇਵ ਨੂੰ ਦੇਖਣ ਤੋਂ ਬਾਅਦ, ਉਹ ਘਰ ਦੇ ਅੰਦਰ ਚਲੀ ਜਾਂਦੀ ਸੀ। ਪੰਜ ਵਾਰ ਬੁਲਾਉਣ ਤੋਂ ਬਾਅਦ ਵੀ ਉਹ ਘਰੋਂ ਬਾਹਰ ਨਹੀਂ ਆਉਂਦੀ ਸੀ । ਹੁਣ ਰੇਵਤੀ ਦੇ ਬਾਹਰ ਜਾਂਦੇ ਹੀ ਬੁੱਢੀ ਮਾਂ ਪਰੇਸ਼ਾਨ ਹੋ ਜਾਂਦੀ ਸੀ।

ਦੇਖਦੇ ਹੀ ਦੇਖਦੇ , ਬਸੰਤ ਪੰਚਮੀ ਤੋਂ ਅਗਲੀ ਬਸੰਤ ਪੰਚਮੀ ਤੱਕ ਦੋ ਸਾਲ ਬੀਤ ਚੁੱਕੇ ਸਨ। ਇਹ ਰੱਬ ਦਾ ਕਾਨੂੰਨ ਹੈ, ਕਿਸੇ ਦੇ ਵੀ ਦਿਨ ਇੱਕੋ ਜਿਹੇ ਨਹੀਂ ਰਹਿੰਦੇ। ਫੱਗਣ ਦਾ ਮਹੀਨਾ ਚੱਲ ਰਿਹਾ ਸੀ, ਕਿਤੇ ਵੀ ਕੁਝ ਨਹੀਂ ਸੀ। ਅਚਾਨਕ, ਕਿੱਥੋਂ ਖ਼ਬਰ ਆਈ ਕਿ ਲੇਖਾਕਾਰ ਸ਼ਿਆਮਬੰਧੂ ਹੈਜ਼ਾ ਤੋਂ ਪੀੜਤ ਹੈ। ਜਦੋਂ ਪਿੰਡਾਂ ਅਤੇ ਕਸਬਿਆਂ ਵਿੱਚ ਹੈਜ਼ਾ ਦੀ ਮਹਾਂਮਾਰੀ ਫੈਲਦੀ ਹੈ, ਤਾਂ ਲੋਕ ਆਪਣੇ ਘਰਾਂ ਦੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਕਰ ਲੈਂਦੇ ਹਨ। ਜਿਵੇਂ ਬੁੱਢੀ ਔਰਤ, ਹੈਜ਼ਾ ਵਰਗੀ ਡੈਣ, ਸੜਕ ਤੋਂ ਲੋਕਾਂ ਨੂੰ ਚੁੱਕ ਕੇ ਆਪਣੀ ਟੋਕਰੀ ਉਨ੍ਹਾਂ ਨਾਲ ਭਰ ਲਵੇਗੀ। ਸਾਰੇ ਇਹੀ ਸੋਚਦੇ ਸਨ । ਕੋਈ ਕਿਸੇ ਦੇ

ਘਰ ਨਹੀਂ ਜਾਂਦਾ ਸੀ। ਸ਼ਿਆਮਬੰਧੂ ਦੇ ਘਰ ਦੋ ਔਰਤਾਂ ਕੀ ਕਰ ਸਕਦੀਆਂ ਸਨ; ਇਕੱਲੀ ਕੁੜੀ ਸਾਰਿਆਂ ਨੂੰ ਭੱਜ ਭੱਜ ਕੇ ਬੁਲਾ ਰਹੀ ਸੀ ਅਤੇ ਘਰ ਦੇ ਅੰਦਰ ਅਤੇ ਬਾਹਰ ਦਾ ਸਾਰਾ ਕੰਮ ਕਰ ਰਹੀ ਸੀ। ਜਿਵੇਂ ਹੀ ਵਾਸੂਦੇਵ ਨੇ ਇਹ ਸੁਣਿਆ, ਉਹ ਸਕੂਲ ਤੋਂ ਭੱਜ ਕੇ ਉਸਦੇ ਘਰ ਆ ਗਿਆ। ਉਸਦੇ ਮਨ ਵਿੱਚ ਕੋਈ ਡਰ ਜਾਂ ਚਿੰਤਾ ਨਹੀਂ ਸੀ। ਉਹ ਸ਼ਿਆਮਬੰਧੂ ਦੇ ਕੋਲ ਬੈਠ ਗਿਆ ਅਤੇ ਉਸਦੇ ਪੈਰਾਂ 'ਤੇ ਹੱਥ ਰੱਖ ਕੇ ਘੁੱਟਣ ਲੱਗਾ ਅਤੇ ਪਾਣੀ ਦੀ ਬੂੰਦ-ਬੂੰਦ ਉਸਦੇ ਮੂੰਹ ਵਿੱਚ ਪਾਉਣ ਲੱਗਾ। ਦਿਨ ਦੇ ਤਿੰਨ ਘੰਟੇ, ਸ਼ਿਆਮਬੰਧੂ ਵਾਸੂ ਦੇ ਚਿਹਰੇ ਵੱਲ ਵੇਖਦਾ ਰਿਹਾ ਅਤੇ ਤੁਤਲਾਉਂਦੇ ਜਿਹੇ ਲਹਿਜੇ ਵਿੱਚ ਕਹਿੰਦਾ ਰਿਹਾ, "ਵਾਸੂ, ਆਹ-ਆਹ, ਆਹ-ਗਿਲਾ।" (ਵਾਸੂ, ਮੈਂ ਇਹ ਵੰਸ਼ ਤੇਰੇ ਹੱਥਾਂ ਵਿੱਚ ਛੱਡ ਰਿਹਾ ਹਾਂ।)

ਵਾਸੂ ਨੇ ਉੱਚੀ-ਉੱਚੀ ਚੀਕਣਾ ਸ਼ੁਰੂ ਕਰ ਦਿੱਤਾ ਅਤੇ ਸਾਰਿਆਂ ਨੂੰ ਬੁਲਾਉਣ ਲੱਗ ਪਿਆ। ਘਰ ਵਿੱਚ ਚਹਿਲ-ਪਹਿਲ ਹੋ ਗਈ । ਰੇਵਤੀ ਜ਼ਮੀਨ 'ਤੇ ਲੰਮੀ ਪਈ ਰੋਣ ਲੱਗ ਪਈ। ਪਿੰਡ ਦੇ ਲੋਕਾਂ ਨੇ ਇਹ ਸੁਣਿਆ ਅਤੇ ਕਿਹਾ, "ਦੇਖੋ, ਕੀ ਹੋਇਆ ਹੈ? ਸ਼ਿਆਮਬੰਧੂ ਕੁਝ ਹੀ ਦੇਰ ਵਿੱਚ ਮਰ ਗਿਆ। ਅਸੀਂ ਕੀ ਕਰ ਸਕਦੇ ਹਾਂ? ਵਾਸੂਦੇਵ ਇੱਕ ਬੱਚਾ ਹੈ ਅਤੇ ਘਰ ਵਿੱਚ ਦੋ ਜਵਾਨ ਔਰਤਾਂ ਹਨ।

ਪਿੰਡ ਦਾ ਧੋਬੀ, ਬਨਸੇਠੀ, ਇੱਕ ਤਜਰਬੇਕਾਰ ਆਦਮੀ ਹੈ। ਉਸਦੀ ਉਮਰ ਪੰਜਾਹ ਜਾਂ ਸੱਠ ਸਾਲ ਪਾਰ ਹੋ ਗਈ ਹੈ। ਕੱਲ੍ਹ ਜਾਵਾਂ ਜਾਂ ਅੱਜ? ਜੇ ਉਹ ਅੱਜ ਜਾਵੇਗਾ, ਤਾਂ ਉਸਨੂੰ ਕੁਝ ਚੀਥੜੇ ਅਤੇ ਕੱਪੜੇ ਮਿਲਣ ਦੀ ਉਮੀਦ ਹੈ। ਉਹ ਆਪਣੀ ਕਮਰ ਦੁਆਲੇ ਇੱਕ ਤੌਲੀਆ ਬੰਨ੍ਹ ਕੇ ਅਤੇ ਮੋਢੇ 'ਤੇ ਕੁਹਾੜੀ ਲੈ ਕੇ ਆਇਆ ਸੀ। ਪਿੰਡ ਦਾ ਇਹੀ ਇੱਕੋ ਇੱਕ ਪਰਿਵਾਰ ਸੀ ਜਿਸਨੂੰ ਕਾਇਸਥ ਕਿਹਾ ਜਾਂਦਾ ਹੈ। ਸੱਸ, ਨੂੰਹ ਅਤੇ ਵਾਸੂਦੇਵ ਨੇ ਇਕੱਠੇ ਉਸਦੇ ਅੰਤਿਮ ਸੰਸਕਾਰ ਕੀਤੇ। ਮੈਂ ਉਸ ਮਾੜੇ ਦਿਨ ਤੋਂ ਬਾਅਦ ਦੀ ਹਾਲਤ ਬਾਰੇ ਲਿਖਣ ਤੋਂ ਅਸਮਰੱਥ ਹਾਂ। ਸ਼ਮਸ਼ਾਨਘਾਟ ਤੋਂ ਵਾਪਸ ਆਉਂਦੇ ਸਮੇਂ, ਸਵੇਰ ਦੇ ਤਾਰੇ ਦਿਖਾਈ ਦੇ ਰਹੇ ਸਨ। ਜਿਵੇਂ ਹੀ ਰੇਵਤੀ ਦੀ ਮਾਂ ਘਰ ਵਿੱਚ ਦਾਖਲ ਹੋਈ, ਉਸਨੂੰ ਦਸਤ ਆਉਣ ਲੱਗ ਪਏ ।

ਦੁਪਹਿਰ ਦੇ ਕੁਝ ਹੀ ਸਮੇਂ ਵਿੱਚ, ਪਿੰਡ ਵਿੱਚ ਇਹ ਖ਼ਬਰ ਫੈਲ ਗਈ ਕਿ ਰੇਵਤੀ ਦੀ ਮਾਂ ਵੀ ਨਹੀਂ ਰਹੀ।

ਰੇਵਤੀ ਬੈਠੀ ਹੈ ਅਤੇ ਦਿਨ ਗਿਣ ਰਹੀ ਹੈ। ਪੂਰੇ ਛੇ ਦਿਨ ਬੀਤ ਗਏ ਹਨ। ਜਦੋਂ ਤੋਂ ਉਸਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ ਸੀ, ਉਸਨੇ ਘਰ ਤੋਂ ਬਾਹਰ ਵੀ ਨਹੀਂ ਦੇਖਿਆ ਸੀ, ਪਰ ਅੱਜ ਉਹ ਦੋ ਵਾਰ ਬਾਹਰ ਆਈ ਅਤੇ ਆਲੇ-ਦੁਆਲੇ ਦੇਖਿਆ ਅਤੇ ਫਿਰ ਚਲੀ ਗਈ। ਸਮਾਂ ਸਵੇਰੇ ਛੇ ਵਜੇ ਦੇ ਕਰੀਬ ਹੋਵੇਗਾ। ਜਿਵੇਂ ਹੀ ਸਾਰੇ ਬੱਚੇ ਹਰੀਹਰਪੁਰ ਤੋਂ ਵਾਪਸ ਆਏ, ਪਿੰਡ ਦੇ ਲੋਕ ਗੱਲਾਂ ਕਰਨ ਲੱਗ ਪਏ,

---"ਹਰੀਹਰਪੁਰ ਤੋਂ ਵਾਪਸ ਆਉਂਦੇ ਸਮੇਂ, ਮਾਸਟਰ ਜੀ ਨੇ ਗੋਪਾਲਪੁਰ ਦੇ ਨੇੜੇ ਇੱਕ ਬੋਹੜ ਦੇ ਦਰੱਖਤ ਹੇਠ ਦਸਤ ਕਰਨੇ ਸ਼ੁਰੂ ਕਰ ਦਿੱਤੇ । ਉਹਨੂੰ ਚਾਰ ਵਾਰ ਦਸਤ ਆਏ ਅਤੇ ਅੱਧੀ ਰਾਤ ਨੂੰ ਉਨ੍ਹਾਂ ਦੀ ਮੌਤ ਹੋ ਗਈ।" ਪਿੰਡ ਦੇ ਲੋਕ ਦਰਦ ਨਾਲ ਚੀਕਾਂ ਮਾਰ ਕੇ ਰੋ ਰਹੇ ਸਨ। ਮੁੰਡੇ, ਕੁੜੀਆਂ, ਮਾਵਾਂ, ਔਰਤਾਂ ਸਾਰੇ ਉੱਚੀ-ਉੱਚੀ ਰੋਣ ਲੱਗ ਪਏ। ਕਿਸੇ ਨੇ ਕਿਹਾ- "ਆਹ! ਉਹ ਕਿੰਨਾ ਸੋਹਣਾ ਚਿਹਰਾ ਸੀ," ਕਿਸੇ ਨੇ ਕਿਹਾ- "ਉਹ ਕਿੰਨਾ ਮਿਠਬੋਲੜਾ ਅਤੇ ਚੰਗਾ ਵਿਵਹਾਰ ਕਰਨ ਵਾਲਾ ਸੀ,"

ਕਿਸੇ ਨੇ ਕਿਹਾ- "ਮਾਸਟਰ ਜੀ ਨੇ ਤਾਂ ਇੰਨਾ ਧਿਆਨ ਰੱਖਿਆ ਕਿ ਸੜਕ 'ਤੇ ਤੁਰਦੇ ਸਮੇਂ ਕਿਤੇ ਮੱਖੀ ਵੀ ਨਾ ਮਰ ਜਾਵੇ।"

ਰੇਵਤੀ ਨੇ ਇਹ ਸੁਣਿਆ, ਬੁੱਢੀ ਔਰਤ ਨੇ ਵੀ ਇਹ ਸੁਣਿਆ। ਰੋਣ ਕਾਰਨ ਬਜ਼ੁਰਗ ਔਰਤ ਦਾ ਗਲਾ ਘੁੱਟ ਗਿਆ ਅਤੇ ਉਹ ਰੋ ਨਾ ਸਕੀ। ਅਖੀਰ ਬੁੱਢੀ ਔਰਤ ਬਸ ਇੰਨਾ ਹੀ ਕਹਿ ਸਕੀ- "ਗਰੀਬ ਆਦਮੀ, ਵਿਦੇਸ਼ ਆ ਕੇ , ਉਸਨੇ ਆਪਣੀ ਬੁੱਧੀ ਦੇ ਕਾਰਨ ਆਪਣੀ ਜਾਨ ਕੁਰਬਾਨ ਕਰ ਦਿੱਤੀ। "

ਬੁੱਢੀ ਔਰਤ ਇਹ ਕਹਿਣਾ ਚਾਹੁੰਦੀ ਸੀ ਕਿ ਵਾਸੂਦੇਵ ਦੀ ਮੌਤ ਰੇਵਤੀ ਨੂੰ ਪਾਠ ਪੜ੍ਹਾਉਣ ਦੀ ਆਪਣੀ ਮੂਰਖਤਾ ਕਾਰਨ ਹੋਈ। ਨਹੀਂ ਤਾਂ ਉਹ ਕਦੇ ਨਾ ਮਰਦਾ। ਇਹ ਸੁਣਨ ਤੋਂ ਬਾਅਦ, ਰੇਵਤੀ ਘਰ ਦੇ ਅੰਦਰ ਜਾ ਕੇ ਲੰਮੀ ਪੈ ਗਈ ਸੀ। ਬੋਲਣਾ ਕੀ ਸੀ , ਉਸਨੂੰ ਤਾਂ ਹੋਸ਼ ਵੀ ਨਹੀਂ ਸੀ। ਉਹ ਦਿਨ ਇਸੇ ਤਰ੍ਹਾਂ ਬੀਤ ਗਿਆ। ਅਗਲੀ ਸਵੇਰ, ਜਦੋਂ ਰੇਵਤੀ ਆਲੇ-ਦੁਆਲੇ ਨਹੀਂ ਸੀ, ਤਾਂ ਬੁੱਢੀ ਔਰਤ ਚੀਕਣ ਲੱਗੀ- "ਓ ਰੇਵਤੀ! ਕਾਲੇ ਮੂੰਹ ਆਲੀਏ , ਖਸਮਾਂ ਨੂੰ ਖਾਣੀਏ !

ਬੁੱਢੀ ਔਰਤ ਪਾਗਲ ਹੋ ਗਈ ਸੀ, ਰੋਣਾ ਧੋਣਾ ਕੁੱਝ ਨਹੀਂ , ਸਿਰਫ਼ ਗੁੱਸੇ ਵਿੱਚ ਦਿਨ-ਰਾਤ ਰੇਵਤੀ ਨੂੰ ਗਾਲ੍ਹਾਂ ਕੱਢ ਰਹੀ ਸੀ। ਆਂਢ-ਗੁਆਂਢ ਦੇ ਲੋਕ ਅਤੇ ਰਾਹਗੀਰ ਜਦੋਂ ਵੀ ਲੰਘਦੇ , ਉਹਨਾਂ ਨੂੰ ਸੁਣਦਾ , "ਓ ਰੇਵਤੀ! ਨੀ ਰੇਵਤੀ! ਕਾਲੇ ਮੂੰਹ ਆਲੀਏ , ਖਸਮਾਂ ਨੂੰ ਖਾਣੀਏ!"

ਬੁੱਢੀ ਔਰਤ ਆਪਣੀਆਂ ਅੱਖਾਂ ਨਾਲ ਠੀਕ ਤਰ੍ਹਾਂ ਨਹੀਂ ਦੇਖ ਸਕਦੀ ਸੀ। ਕੁਝ ਦੇਰ ਭਾਲ ਕਰਨ ਤੋਂ ਬਾਅਦ ਉਹ ਬਹੁਤ ਮੁਸ਼ਕਲ ਨਾਲ ਰੇਵਤੀ ਕੋਲ ਪਹੁੰਚੀ ਅਤੇ ਉਸਨੂੰ ਬੁਲਾਇਆ। ਕੋਈ ਜਵਾਬ ਨਾ ਮਿਲਣ 'ਤੇ ਉਸਨੇ ਰੇਵਤੀ ਦੇ ਸਰੀਰ 'ਤੇ ਆਪਣਾ ਹੱਥ ਫੇਰਿਆ। ਉਸਨੂੰ ਤੇਜ਼ ਬੁਖਾਰ ਸੀ, ਉਸਦਾ ਸਰੀਰ ਅੱਗ ਵਾਂਗ ਤਪ ਰਿਹਾ ਸੀ, ਉਸਨੂੰ ਹੋਸ਼ ਵੀ ਨਹੀਂ ਸੀ। ਬੁੱਢੀ ਔਰਤ ਕਾਫ਼ੀ ਦੇਰ ਤੱਕ ਬੈਠੀ ਰਹੀ ਅਤੇ ਕਿਸੇ ਚੀਜ਼ ਬਾਰੇ ਸੋਚਦੀ ਰਹੀ। ਉਹ ਕੀ ਕਰੇ, ਕਿਸਨੂੰ ਬੁਲਾਵੇ ? ਆਪਣੇ ਮਨ ਵਿੱਚ ਪੂਰੇ ਪਿੰਡ ਦੀ ਪੜਚੋਲ ਕੀਤੀ। ਨੇੜੇ-ਤੇੜੇ ਕੋਈ ਨਹੀਂ ਦਿਸਿਆ। ਕੁਝ ਵੀ ਫੈਸਲਾ ਨਹੀਂ ਕਰ ਸਕੀ । ਅੰਤ ਵਿੱਚ ਉਸਨੇ ਗੁੱਸੇ ਵਿੱਚ ਕਿਹਾ, "ਜਾਣਬੁੱਝ ਕੇ ਪੈਦਾ ਕੀਤੀ ਗਈ ਸਮੱਸਿਆ ਦਾ ਹੱਲ ਕਿੱਥੇ ? ਤੈਨੂੰ ਬੁਖਾਰ ਹੋ ਗਿਆ ਕਿਉਂਕਿ ਇੱਕ ਕੁੜੀ ਹੋਣ ਕਰਕੇ ਤੂੰ ਪੜ੍ਹਾਈ ਕੀਤੀ ਸੀ। ਮੈਂ ਕੀ ਕਰ ਸਕਦੀ ਹਾਂ?"

ਇੱਕ ਦਿਨ ਬੀਤ ਗਿਆ, ਦੂਜਾ, ਤੀਜਾ, ਚੌਥਾ, ਪੰਜਵਾਂ ਦਿਨ ਵੀ ਬੀਤ ਗਿਆ। ਰੇਵਤੀ ਮਿੱਟੀ ਨਾਲ ਜੁੜੀ ਹੋਈ ਜਾਪਦੀ ਸੀ। ਨਾ ਹੀ ਉਹ ਆਪਣੀਆਂ ਅੱਖਾਂ ਖੋਲ੍ਹ ਰਹੀ ਸੀ, ਨਾ ਹੀ ਉਸਨੂੰ ਬੁਲਾਉਣ 'ਤੇ ਵੀ ਕੋਈ ਜਵਾਬ ਮਿਲਦਾ , ਹੂੰ -ਹਾਂ, ਕੁਝ ਵੀ ਨਹੀਂ।

ਛੇਵਾਂ ਦਿਨ ਸੀ। ਰੇਵਤੀ ਨੇ ਅੱਜ ਸਵੇਰ ਤੋਂ ਦੋ-ਚਾਰ ਵਾਰ ਆਵਾਜ਼ ਮਾਰੀ। ਆਵਾਜ਼ ਸੁਣ ਕੇ ਬੁੱਢੀ ਔਰਤ ਉਸਦੇ ਨੇੜੇ ਗਈ। ਉਸਦੇ ਸਰੀਰ ਨੂੰ ਛੂਹਿਆ ਅਤੇ ਮਹਿਸੂਸ ਕੀਤਾ ਕਿ ਹੱਥ ਅਤੇ ਪੈਰ ਠੰਡੇ ਸਨ; ਜਦੋਂ ਉਸਨੂੰ ਬੁਲਾਇਆ, ਤਾਂ ਉਸਨੇ 'ਹਮ' ਨਾਲ ਜਵਾਬ ਦਿੱਤਾ। ਉਹ ਉਸਨੂੰ ਘੂਰ ਰਹੀ ਸੀ। ਉਹ ਬਿਨਾਂ ਕੁਝ ਪੁੱਛੇ ਵੀ ਬਹੁਤ ਕੁਝ ਪੁੱਛ ਰਹੀ ਸੀ। ਕੋਈ ਵੈਦ , ਉਸਨੂੰ ਦੇਖਣ ਤੋਂ ਬਾਅਦ, ਕਹਿੰਦਾ, "ਪਿਆਸ ਕਾਰਨ ਵਿਕਾਰ ਹੋਇਆ ।" ਪਉੜੀ ਦਾ ਪਾਠ ਕਰਨ ਤੋਂ ਬਾਅਦ, ਕੋਈ ਕਹਿੰਦਾ , "ਸੰਨੀਪਤਸਯ ਲਕਸ਼ਣਮ।" ਪਰ ਬੁੱਢੀ ਔਰਤ ਕੁਝ ਖੁਸ਼ ਹੋ ਗਈ। ਸਰੀਰ ਵਿੱਚ ਬੁਖਾਰ ਨਹੀਂ ਸੀ। ਉਹ ਬੋਲ ਨਹੀਂ ਰਹੀ ਸੀ ਪਰ ਹੁਣ ਉਸਨੇ ਆਪਣਾ ਮੂੰਹ ਖੋਲ੍ਹਣਾ ਸ਼ੁਰੂ ਕਰ ਦਿੱਤਾ ਹੈ। ਹੁਣ ਆਪਣੀਆਂ ਅੱਖਾਂ ਵੀ ਖੋਲ੍ਹਣ ਲੱਗ ਪਈ ਸੀ । ਉਹ ਪੀਣ ਲਈ ਪਾਣੀ ਮੰਗ ਰਹੀ ਸੀ। ਪੂਰੇ ਛੇ ਦਿਨ ਹੋ ਗਏ ਸਨ। ਪਾਣੀ ਦੀ ਇੱਕ ਬੂੰਦ ਵੀ ਉਸਦੀ ਜੀਭ ਨੂੰ ਨਹੀਂ ਲੱਗੀ ਸੀ । ਜਦੋਂ ਕੁਝ ਭੋਜਨ ਢਿੱਡ

ਵਿੱਚ ਜਾਏਗਾ ਤਾਂ ਕੁੜੀ ਉੱਠ ਕੇ ਬੈਠ ਜਾਏਗੀ ।

"ਤੂੰ ਪਈ ਰਹਿ, ਮੈਂ ਕੁਝ ਖਾਣਾ ਪੀਣ ਦਾ ਬੰਦੋਬਸਤ ਕਰਦੀ ਹਾਂ।" ਇਹ ਕਹਿ ਕੇ ਬੁੱਢੀ ਔਰਤ ਬਾਹਰ ਚਲੀ ਗਈ। ਕੀ ਪਕਾਏਗੀ? ਬੁੱਢੀ ਔਰਤ ਨੇ ਘਰ ਦੇ ਹਰ ਡੱਬੇ ਅਤੇ ਟੋਕਰੀ ਦੀ ਤਲਾਸ਼ੀ ਲਈ। ਕਿਤੇ ਵੀ ਇੱਕ ਮੁੱਠ ਚੌਲ ਵੀ ਨਾ ਮਿਲੇ। ਉਸਨੇ ਇੱਕ ਲੰਮਾ ਸਾਹ ਲਿਆ ਅਤੇ ਕੁਝ ਦੇਰ ਬੈਠੀ ਰਹੀ। ਵਾਸੂ ਨੇ ਪੰਜ ਦਿਨਾਂ ਲਈ ਰਾਸ਼ਨ ਭਰ ਦਿੱਤਾ ਸੀ ਅਤੇ ਦਸ ਦਿਨ ਬੀਤ ਗਏ? ਸਭ ਖਾਲੀ ਸੀ । ਜੇ ਬੁੱਢੀ ਔਰਤ ਨੂੰ ਦਿਸਦਾ ਹੁੰਦਾ, ਤਾਂ ਉਹ ਪਹਿਲਾਂ ਹੀ ਦੇਖ ਲੈਂਦੀ । ਜੋ ਵੀ ਹੋਵੇ, ਇਸ ਬਾਰੇ ਸ਼ਾਂਤੀ ਨਾਲ ਸੋਚਣ ਨਾਲ ਹੀ ਦਿਮਾਗ ਵਿੱਚ ਕੁਝ ਆਏਗਾ । ਘਰ ਵਿੱਚ ਪਿੱਤਲ ਦਾ ਕੋਈ ਭਾਂਡਾ ਨਹੀਂ ਸੀ। ਉਸਦੇ ਹੱਥ ਵਿੱਚ ਇੱਕ ਪੁਰਾਣਾ ਟੁੱਟਿਆ ਹੋਇਆ ਗੜਵਾ ਆ ਗਿਆ। ਇਸਨੂੰ ਲੈ ਕੇ ਉਹ ਹਰੀਸਾਹੂ ਦੀ ਦੁਕਾਨ ਵੱਲ ਚਲ ਪਈ।

ਹਰੀਸਾਹੂ ਦਾ ਘਰ ਪਿੰਡ ਦੇ ਬਿਲਕੁਲ ਵਿਚਕਾਰ ਸੀ। ਉਸਦੀ ਦੁਕਾਨ ਰੋਜ਼ਾਨਾ ਖੁੱਲ੍ਹਣ ਵਾਲੀ ਨਹੀਂ ਸੀ। ਉਹ ਸਿਰਫ਼ ਕੁਝ ਚੌਲ, ਦਾਲ, ਲੂਣ ਅਤੇ ਤੇਲ ਰੱਖਦਾ ਸੀ। ਜੇ ਕਿਸੇ ਦਿਨ ਕੋਈ ਬਾਹਰੋਂ ਆਉਂਦਾ ਸੀ, ਤਾਂ ਉਹ ਕੁੱਝ ਖਰੀਦ ਲੈਂਦਾ ਸੀ, ਨਹੀਂ ਤਾਂ ਕਈ ਵਾਰ ਜਦੋਂ ਲੋੜ ਹੁੰਦੀ ਸੀ, ਤਾਂ ਪਿੰਡ ਦੇ ਲੋਕ ਹੀ ਖਰੀਦਣ ਆਉਂਦੇ ਸਨ। ਕਿਸੇ ਤਰ੍ਹਾਂ ਬੁੱਢੀ ਔਰਤ ਗੜਵਾ ਫੜੀ ਹਰੀਸਾਹੂ ਦੇ ਦਰਵਾਜ਼ੇ ਤੱਕ ਪਹੁੰਚੀ। ਬੁੱਢੀ ਔਰਤ ਦੇ ਹੱਥ ਵਿੱਚ ਗੜਵਾ ਦੇਖ ਕੇ, ਹਰੀਸਾਹੂ ਸਭ ਕੁਝ ਸਮਝ ਗਿਆ। ਬੁੱਢੀ ਔਰਤ ਤੋਂ ਉਸਦਾ ਇਰਾਦਾ ਸੁਣਨ ਤੋਂ ਬਾਅਦ, ਹਰੀਸਾਹੂ ਨੇ ਗੜਵਾ ਆਪਣੇ ਹੱਥ ਵਿੱਚ ਲੈ ਲਿਆ। ਉਸਨੇ ਸਾਰੇ ਪਾਸਿਆਂ ਤੋਂ ਗੜਵੇ ਵੱਲ ਦੇਖਿਆ ਅਤੇ ਕਿਹਾ, "ਮੇਰੇ ਘਰ ਵਿੱਚ ਚੌਲ ਜਾਂ ਹੋਰ ਕੁਝ ਨਹੀਂ ਹੈ। ਇੰਨੇ ਟੁੱਟੇ ਹੋਏ ਗੜਵੇ ਦੇ ਬਦਲੇ ਚੌਲ ਕੌਣ ਦੇਵੇਗਾ?" ਅਜਿਹਾ ਨਹੀਂ ਸੀ ਕਿ ਹਰੀਸਾਹੂ ਦੇ ਘਰ ਚੌਲ ਨਹੀਂ ਸਨ ਜਾਂ ਉਹ ਚੌਲ ਦੇਣਾ ਨਹੀਂ ਚਾਹੁੰਦਾ ਸੀ। ਇਹ ਸਿਰਫ਼ ਉਸਦਾ ਸਸਤੇ ਵਿੱਚ ਫਾਇਦਾ ਉਠਾਉਣ ਦਾ ਦਿਖਾਵਾ ਸੀ। ਚੌਲ ਨਹੀਂ ਹਨ, ਇਹ ਸੁਣ ਕੇ ਬੁੱਢੀ ਔਰਤ ਦੇ ਸਿਰ 'ਤੇ ਬਿਜਲੀ ਡਿੱਗ ਪਈ। ਉਹ ਕੀ ਕਰੇਗੀ, ਬੱਚੀ ਹੁਣੇ ਹੀ ਬੁਖਾਰ ਵਿੱਚੋਂ ਜਾਗੀ ਹੈ, ਉਹ ਉਸਦੇ ਮੂੰਹ ਵਿੱਚ ਕੀ ਪਾਵੇਗੀ? ਉਹ ਕੁਝ ਦੇਰ ਇਸੇ ਤਰ੍ਹਾਂ ਬੈਠੀ ਰਹੀ।

"ਸ਼ਾਮ ਹੋ ਰਹੀ ਹੈ। ਮੈਨੂੰ ਘਰ ਜਾਣਾ ਪੈਣਾ । ਦੇਖਾਂ ਜਾ ਕੇ, ਕੁੜੀ ਕੀ ਕਰ ਰਹੀ ਹੈ।" ਇਹ ਕਹਿ ਕੇ, ਬੁੱਢੀ ਔਰਤ ਗੜਵਾ ਲੈ ਕੇ ਉੱਠ ਹੀ ਰਹੀ ਸੀ ਜਦੋਂ ਹਰੀਸਾਹੂ ਨੇ ਕਿਹਾ, "ਲਿਆ ਦੇ ਉਰੇ, ਮੈਨੂੰ ਦੇਖਣ ਦੇ, ਘਰ ਵਿੱਚ ਕੀ ਹੈ?" ਗੜਵਾ ਰੱਖਣ ਤੋਂ ਬਾਅਦ, ਹਰੀਸਾਹੂ ਨੇ ਚੌਲ ਇੱਕ ਸੇਰ, ਕੁਝ ਦਾਲ ਅਤੇ ਕੁਝ ਲੂਣ ਦਿੱਤਾ। ਬੁੱਢੀ ਔਰਤ ਚਾਰ ਛੇ ਥਾਵਾਂ 'ਤੇ ਬੈਠ , ਸਾਹ ਲੈ ਕੇ ਕਿਸੇ ਤਰ੍ਹਾਂ ਘਰ ਪਹੁੰਚ ਗਈ । ਹੁਣ ਤੱਕ ਬੁੱਢੀ ਔਰਤ ਨੇ ਦਾਤਣ ਵੀ ਨਹੀਂ ਕੀਤੀ ਸੀ । ਸਰੀਰਕ ਅਤੇ ਮਾਨਸਿਕ ਦਰਦ ਬਾਰੇ ਕਿਸ ਨੂੰ ਦੱਸਦੀ ? ਘਰ ਪਹੁੰਚਦੇ ਹੀ ਉਸਨੇ ਰੇਵਤੀ ਨੂੰ ਅਵਾਜ ਦਿੱਤੀ । ਉਸਨੂੰ ਵਿਸ਼ਵਾਸ ਸੀ ਕਿ ਰੇਵਤੀ ਠੀਕ ਹੋ ਗਈ ਹੈ, ਉਹ ਖੂਹ ਵਿੱਚੋਂ ਪਾਣੀ ਕੱਢ ਕੇ ਚੌਲ ਪਕਾਏਗੀ। ਰੇਵਤੀ ਵਲੋਂ ਕੋਈ ਜਵਾਬ ਨਾ ਮਿਲਣ 'ਤੇ, ਉਹ ਗੁੱਸੇ ਵਿੱਚ ਚੀਕਣ ਲੱਗੀ - "ਓ ਰੇਵਤੀ! ਕਾਲੇ ਮੂੰਹ ਆਲੀਏ, ਖਸਮਾਂ ਨੂੰ ਖਾਣੀਏਂ!

ਇਸ ਦੌਰਾਨ ਰੇਵਤੀ ਦੀ ਬਿਮਾਰੀ ਹੌਲੀ-ਹੌਲੀ ਵਧਦੀ ਜਾ ਰਹੀ ਸੀ, ਭਿਆਨਕ ਦਰਦ, ਇੰਝ ਲੱਗ ਰਿਹਾ ਸੀ ਜਿਵੇਂ ਉਸਦੇ ਸਰੀਰ ਵਿੱਚੋਂ ਅੱਗ ਨਿਕਲ ਰਹੀ ਹੋਵੇ, ਜੀਭ ਸੁੱਕ ਗਈ ਹੋਵੇ। ਇੰਝ ਮਹਿਸੂਸ

ਹੁੰਦਾ ਹੈ ਜਿਵੇਂ ਬਹੁਤ ਜ਼ਿਆਦਾ ਪਿਆਸ ਕਾਰਨ ਜੀਭ ਅੰਦਰ ਵੱਲ ਖਿੱਚੀ ਜਾ ਰਹੀ ਹੋਵੇ। ਉਹ ਇੱਕ ਠੰਢੀ ਜਗ੍ਹਾ 'ਤੇ ਬਹਿਣਾ ਚਾਹੁੰਦੀ ਸੀ। ਉਹ ਡਿੱਗਦੀ ਢਹਿੰਦੀ ਬਾਹਰ ਆਈ। ਉੱਥੇ ਵੀ, ਚੰਗਾ ਨਹੀਂ ਲੱਗਿਆ। ਉਹ ਘਰ ਦੇ ਪਿਛਲੇ ਪਾਸੇ ਗਈ ਅਤੇ ਪਲੇਟਫਾਰਮ 'ਤੇ ਬੈਠ ਗਈ। ਦਿਨ ਖਤਮ ਹੋ ਰਿਹਾ ਸੀ, ਹਵਾ ਵਗ ਰਹੀ ਸੀ। ਉਹ ਕੰਧ ਦੇ ਨਾਲ ਬੈਠ ਗਈ ਅਤੇ ਪਿਛਲੇ ਬਾਗ਼ ਵੱਲ ਦੇਖਿਆ। ਇਹ ਉਹ ਥਾਂ ਸੀ ਜਿੱਥੇ ਪਿਤਾ ਜੀ ਨੇ ਪਿਛਲੇ ਸਾਲ ਕੇਲੇ ਦਾ ਦਰੱਖਤ ਲਗਾਇਆ ਸੀ। ਇਸ ਉੱਤੇ ਫੁੱਲ ਖਿੜਨੇ ਸ਼ੁਰੂ ਹੋ ਗਏ ਹਨ। ਦੋ ਸਾਲ ਪਹਿਲਾਂ ਮਾਂ ਨੇ ਅਮਰੂਦ ਦਾ ਪੌਦਾ ਲਗਾਇਆ ਸੀ। ਰੇਵਤੀ ਨੇ ਕਿੰਨੀ ਖੁਸ਼ੀ ਨਾਲ ਖੂਹ ਵਿੱਚੋਂ ਪਾਣੀ ਕੱਢਿਆ ਅਤੇ ਉਸ ਵਿੱਚ ਪਾ ਦਿੱਤਾ ਸੀ । ਉਹ ਰੁੱਖ ਕਿੰਨਾ ਵੱਡਾ ਹੋ ਗਿਆ ਹੈ! ਫੁੱਲ ਆ ਗਏ ਹਨ। ਉਸ ਰੁੱਖ ਨੂੰ ਦੇਖ ਕੇ ਉਸਨੂੰ ਆਪਣੀ ਮਾਂ ਦੀ ਯਾਦ ਆਉਣ ਲੱਗੀ। ਉਸਦੀ ਬੁੱਧੀ ਸਥਿਰ ਹੋ ਗਈ ਅਤੇ ਉਸਦਾ ਮਨ ਬੇਚੈਨ ਹੋ ਗਿਆ। ਪਿਛਲੀਆਂ ਸਾਰੀਆਂ ਘਟਨਾਵਾਂ ਇੱਕ-ਇੱਕ ਕਰਕੇ ਉਸਦੇ ਮਨ ਵਿੱਚ ਆ ਰਹੀਆਂ ਸਨ। ਮਾਂ ਦੀ ਖੁਸ਼ੀ ਭਰੀ ਤਸਵੀਰ ਅੱਖਾਂ ਤੋਂ ਨਹੀਂ ਗਾਇਬ ਹੋ ਸਕੀ। ਸ਼ਾਮ ਬੀਤ ਰਹੀ ਸੀ ਅਤੇ ਰਾਤ ਹੁੰਦੀ ਜਾ ਰਹੀ ਸੀ। ਦਰੱਖਤ ਦੇ ਹੇਠੋਂ, ਪੱਤਿਆਂ ਰਾਹੀਂ ਹਨੇਰਾ ਨਿਕਲਿਆ, ਅਤੇ ਪਿਛਲੇ ਬਾਗ਼ ਨੂੰ ਭਰ ਦਿੱਤਾ। ਅੱਖਾਂ ਕੁਝ ਵੀ ਨਹੀਂ ਦੇਖ ਸਕੀਆਂ। ਉਹ ਅਸਮਾਨ ਵੱਲ ਦੇਖਣ ਲੱਗੀ, ਸ਼ਾਮ ਦੇ ਤਾਰਿਆਂ ਤੋਂ ਰੌਸ਼ਨੀ ਨਿਕਲ ਰਹੀ ਸੀ। ਰੇਵਤੀ ਉਸ ਤਾਰੇ ਵੱਲ ਧਿਆਨ ਨਾਲ ਦੇਖ ਰਹੀ ਸੀ। ਹੌਲੀ-ਹੌਲੀ ਤਾਰੇ ਦਾ ਆਕਾਰ ਵਧਣ ਲੱਗਾ, ਇਹ ਇੱਕ ਚੱਕਰ ਵਰਗਾ ਦਿਖਣ ਲੱਗਾ, ਵੱਡਾ ਅਤੇ ਵੱਡਾ, ਅਤੇ ਚਮਕਦਾਰ।

ਆਹ! ਇਹ ਕੀ ਹੈ ? ਕੀ ਤਾਰੇ ਦੇ ਅੰਦਰ ਕੋਈ ਤਸਵੀਰ ਹੈ? ਸ਼ਾਂਤੀ ਦੇਣ ਵਾਲੀ, ਪਿਆਰ ਕਰਨ ਵਾਲੀ ਅਤੇ ਆਨੰਦਮਈ ਮਾਂ ਦੀ ਨਿਡਰ ਤਸਵੀਰ ਬੈਠੀ ਹੈ ਅਤੇ ਉਸਨੂੰ ਪਿਆਰ ਨਾਲ ਆਪਣੀ ਗੋਦ ਵਿੱਚ ਆਉਣ ਲਈ ਬੁਲਾ ਰਹੀ ਹੈ, ਜਿਵੇਂ ਮਾਂ ਨੇ ਆਪਣੇ ਹੱਥ ਦੀਆਂ ਰੇਖਾਵਾਂ ਰਾਹੀਂ ਦੋ ਕਿਰਨਾਂ ਭੇਜੀਆਂ ਹੋਣ, ਉਹ ਦੋਵੇਂ ਕਿਰਨਾਂ ਉਸਦੀਆਂ ਅੱਖਾਂ ਨੂੰ ਛੂਹਦੇ ਹੋਏ ਉਸਦੇ ਦਿਲ ਵਿੱਚ ਪ੍ਰਵੇਸ਼ ਕਰ ਗਈਆਂ। ਉਸ ਹਨੇਰੇ ਵਿੱਚ ਹੋਰ ਕੋਈ ਸ਼ਬਦ ਨਹੀਂ ਹਨ। ਸਿਰਫ਼ ਸਾਹ ਲੈਣ ਦੀ ਆਵਾਜ਼ ਉੱਚੀ ਹੁੰਦੀ ਜਾ ਰਹੀ ਸੀ, ਉਹ ਆਵਾਜ਼ ਲੰਬੀ ਤੋਂ ਲੰਬੀ ਹੁੰਦੀ ਜਾ ਰਹੀ ਸੀ। ਅਖੀਰ 'ਮਾਂ-ਮਾਂ' ਸ਼ਬਦ ਦੋ ਵਾਰ ਸੁਣਾਈ ਦਿੱਤੇ। ਫਿਰ ਸਾਰਾ ਬਾਗ਼ ਸ਼ਾਂਤ ਅਤੇ ਚੁੱਪ ਹੋ ਗਿਆ।

ਬੁੱਢੀ ਔਰਤ ਨੇ ਉਸ ਜਗ੍ਹਾ ਵੱਲ ਦੇਖਿਆ ਜਿੱਥੇ ਰੇਵਤੀ ਸੌਂ ਰਹੀ ਸੀ। ਉੱਥੇ ਕੋਈ ਨਹੀਂ ਸੀ। ਸਾਰਾ ਘਰ, ਬਾਹਰ, ਵਿਹੜਾ ਅਤੇ ਬਰਾਂਡਾ ਖਾਲੀ ਸਨ। ਰੇਵਤੀ ਕਿਤੇ ਵੀ ਦਿਖਾਈ ਨਹੀਂ ਦੇ ਰਹੀ ਸੀ। ਉਹ ਸੋਚਣ ਲੱਗੀ ਕਿ ਰੇਵਤੀ ਠੀਕ ਹੋ ਗਈ ਹੈ ਅਤੇ ਘਰ ਦੇ ਪਿੱਛੇ ਬਾਗ਼ ਵਿੱਚ ਘੁੰਮ ਰਹੀ ਹੋਵੇਗੀ। ਉਹੀ ਗੁੱਸੇ ਨਾਲ ਚੀਕ ਕੇ ਬੋਲੀ , " "ਓ ਰੇਵਤੀ! ਨੀ ਰੇਵਤੀ! ਕਾਲੇ ਮੂੰਹ ਆਲੀਏ, ਖਸਮਾਂ ਨੂੰ ਖਾਣੀਏ!"

ਪੈਰ ਭੜਕਾਉਂਦੇ ਹੋਏ, ਉਹ ਘਰ ਦੇ ਪਿਛਲੇ ਪਾਸੇ ਵੱਲ ਚਲੀ ਗਈ। ਉੱਥੇ ਇੱਕ ਪਲੇਟਫਾਰਮ ਸੀ, ਜੋ ਜ਼ਮੀਨ ਤੋਂ ਦੋ ਫੁੱਟ ਉੱਚਾ ਅਤੇ ਦੋ ਫੁੱਟ ਚੌੜਾ ਸੀ। ਰੇਵਤੀ ਉਸ ਉੱਤੇ ਲੰਮੀ ਪਈ ਹੋਈ ਸੀ। " ਬਦਮਾਸ਼ ਕੁੜੀ, ਤੂੰ ਇੱਥੇ ਲੰਮੀ ਪਈ ਹੋਈ ਹੈਂ?" ਇਹ ਕਹਿ ਕੇ ਉਹ ਉਸਦੇ ਸਰੀਰ ਨੂੰ ਹਿਲਾਉਣ ਲੱਗੀ। ਜਿਵੇਂ ਹੀ ਉਸ ਬੁੱਢੀ ਔਰਤ ਨੇ ਰੇਵਤੀ ਦੇ ਸਰੀਰ ਨੂੰ ਛੂਹਿਆ, ਉਹ ਹੈਰਾਨ ਰਹਿ ਗਈ। ਅਤੇ ਫਿਰ ਉਸਨੇ ਆਪਣਾ ਹੱਥ ਉਸਦੇ ਪੈਰਾਂ ਤੋਂ ਉਸਦੇ ਸਿਰ ਵੱਲ ਇੱਕ ਵਾਰ ਫਿਰ ਫਿਰਾਇਆ, ਆਪਣਾ ਹੱਥ ਉਸਦੇ ਨੱਕ 'ਤੇ ਰੱਖਿਆ ਅਤੇ ਕੁੱਝ ਮਹਿਸੂਸ ਕੀਤਾ ।
ਉਸੇ ਵੇਲੇ ਬਾਹਰ ਲੋਕਾਂ ਨੂੰ ਪਲੇਟਫਾਰਮ ਤੋਂ ਕੁਝ ਡਿੱਗਣ ਦੀ ਇੱਕ ਜ਼ੋਰਦਾਰ ਆਵਾਜ਼ ਸੁਣਾਈ ਦਿੱਤੀ।

ਉਸ ਦਿਨ ਤੋਂ ਬਾਅਦ ਦੁਨੀਆਂ ਸ਼ਿਆਮਬੰਧੂ ਮਹਾਨਤੀ ਦੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਨਹੀਂ ਦੇਖ ਸਕੀ। ਰਾਤ ਦੇ ਪਹਿਲੇ ਪਹਿਰ ਵਿੱਚ ਗੁਆਂਢੀਆਂ ਨੇ ਸਿਰਫ਼ ਇਹੀ ਸੁਣਿਆ ਸੀ, "ਓ ਰੇਵਤੀ! ਨੀ ਰੇਵੀ! ਕਾਲੇ ਮੂੰਹ ਆਲੀਏ, ਖਸਮਾਂ ਨੂੰ ਖਾਣੀਏ!

****

ਪੰਜਾਬੀ ਅਨੁਵਾਦ - ਸ ਜੀਤ

ਫਕੀਰ ਮੋਹਨ ਸੇਨਾਪਤੀ

ਫਕੀਰ ਮੋਹਨ ਸੇਨਾਪਤੀ (14 ਜਨਵਰੀ 1843 - 14 ਜੂਨ 1918) ਨੂੰ ਉੜੀਆ ਸਾਹਿਤ ਦੇ ਵਿਆਸ-ਕਵੀ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੂੰ ਉੜੀਆ ਭਾਸ਼ਾ ਦੇ ਪਹਿਲੇ ਕਹਾਣੀਕਾਰ ਹੋਣ ਦਾ ਸਿਹਰਾ ਦਿੱਤਾ ਜਾਂਦਾ ਹੈ। 1898 ਵਿੱਚ ਲਿਖੀ ਗਈ ਲੂੰ -ਕੰਡੇ ਖੜੇ ਕਰਨ ਵਾਲੀ ਕਹਾਣੀ 'ਰੇਵਤੀ' ਨੂੰ ਉਨ੍ਹਾਂ ਦੀਆਂ ਅੱਜ ਤੱਕ ਉਪਲਬਧ ਕਹਾਣੀਆਂ ਵਿੱਚੋਂ ਪਹਿਲੀ ਕਹਾਣੀ ਵਜੋਂ ਜਾਣਿਆ ਜਾਂਦਾ ਹੈ। ਜੇਕਰ ਅਸੀਂ ਉਨ੍ਹਾਂ ਦੀ ਆਤਮਕਥਾ 'ਤੇ ਵਿਸ਼ਵਾਸ ਕਰੀਏ ਤਾਂ ਉਨ੍ਹਾਂ ਨੇ 1860 ਵਿੱਚ 'ਬੋਧ ਦਾਇਨੀ' ਰਸਾਲੇ ਵਿੱਚ 'ਲਛਮਣੀਆਂ ' ਕਹਾਣੀ ਲਿਖੀ ਸੀ। ਪਰ ਇਹ ਬਹੁਤ ਮੰਦਭਾਗਾ ਹੈ ਕਿ ਉਸ ਕਹਾਣੀ ਦੀ ਕਾਪੀ ਹੁਣ ਉਪਲਬਧ ਨਹੀਂ ਹੈ, ਨਹੀਂ ਤਾਂ ਉਹ ਪੂਰੇ ਭਾਰਤੀ ਭਾਸ਼ਾ ਸਾਹਿਤ ਦੇ ਪਹਿਲੇ ਕਹਾਣੀਕਾਰ ਹੁੰਦੇ।

ਓਡੀਸ਼ਾ ਦੇ ਬਾਲਾਸੋਰ ਵਿੱਚ ਜਨਮੇ ਇਸ ਲੇਖਕ ਨੇ ਆਪਣੇ ਜੀਵਨ ਕਾਲ ਵਿੱਚ ਕਈ ਕਹਾਣੀਆਂ, 'ਛੇ ਮਣ ਅੱਠ ਗੁੰਠ', 'ਮਾਮੂ', 'ਪ੍ਰਯਾਸ਼ਚਿਤ' ਆਦਿ ਨਾਵਲ, 'ਉਤਕਲ ਭਰਮਣ', 'ਪੂਜਾਫੂਲ', 'ਧੂਲੀ', 'ਪੁਸ਼ਪ ਮਾਲਾ' ਆਦਿ ਵਰਗੇ ਕਾਵਿ ਸੰਗ੍ਰਹਿ, ਸੰਸਕ੍ਰਿਤ ਤੋਂ 'ਰਾਮਾਇਣ' ਅਤੇ 'ਮਹਾਭਾਰਤ' ਦਾ ਅਨੁਵਾਦ ਲਿਖ ਕੇ ਉੜੀਆ ਸਾਹਿਤ ਨੂੰ ਅਮੀਰ ਬਣਾਇਆ ਹੈ। ਇਸ ਤੋਂ ਇਲਾਵਾ ਕਈ ਪਾਠ-ਪੁਸਤਕਾਂ ਵੀ ਲਿਖੀਆਂ ਹਨ।

ਫਕੀਰ ਮੋਹਨ ਸੈਨਾਪਤੀ ਦੀਆਂ ਰਚਨਾਵਾਂ ਦੀ ਵਿਸ਼ੇਸ਼ ਵਿਸ਼ੇਸ਼ਤਾ ਇਹ ਹੈ ਕਿ ਉਹ ਆਮ ਆਦਮੀ ਦਾ ਵਰਣਨ ਕਰਦੇ ਹਨ, ਜੋ ਕਿ ਸਮਕਾਲੀ ਭਾਰਤੀ ਗੱਦ ਸਾਹਿਤ ਵਿੱਚ ਇੱਕ ਵਿਲੱਖਣ ਉਦਾਹਰਣ ਹੈ। ਉਨ੍ਹਾਂ ਦੇ ਨਾਵਲ 'ਛੇ ਮਣ ਅੱਠ ਗੁੰਠ' ਵਿੱਚ ਜੋ ਦੱਬੇ-ਕੁਚਲੇ ਵਰਗ ਦਾ ਦਰਦ ਪ੍ਰਗਟ ਕੀਤਾ ਗਿਆ ਹੈ, ਉਹ ਸੋਵੀਅਤ ਰੂਸ ਵਿੱਚ 'ਅਕਤੂਬਰ ਇਨਕਲਾਬ' ਤੋਂ ਪਹਿਲਾਂ ਲਿਖਿਆ ਗਿਆ ਸੀ। ਇਸ ਨਾਵਲ ਦਾ ਅੰਗਰੇਜ਼ੀ ਅਨੁਵਾਦ ਕੈਲੀਫੋਰਨੀਆ ਯੂਨੀਵਰਸਿਟੀ ਪ੍ਰੈਸ ਦੁਆਰਾ :ਸਿਕਸ ਏਕਰਸ ਐਂਡ ਏ ਥਰਡ" ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਗਿਆ ਹੈ।

****